NATIONAL BOWELCANCER SCREENING PROGRAM

Australian Government

ਪਛਾਣ ਨੰਬਰ <Consumer ID>

<Participant Given Name> < Participant Family Name >
<Preferred Mailing Address>
<Preferred Mailing Address >
<Locality> <State> <Postcode>

ਪਿਆਰੇ <Participant Given Name> <Participant Family Name>

# ਤੁਹਾਡਾ ਮੁਫਤ ਟੈਸਟ

## ਲੱਗਭੱਗ 80 ਆਸਟ੍ਰੇਲੀਆ ਵਾਸੀ ਹਰ ਹਫਤੇ ਅੰਤੜੀ ਦੇ ਕੈਂਸਰ ਨਾਲ ਮਰਦੇ ਹਨ।

| | |
|---|---|
| **ਇਹ ਕੀ ਹੈ?** | ਇਹ ਤੁਹਾਡੀ ਅੰਤੜੀ ਦੇ ਕੈਂਸਰ ਦੀ ਮੁਫਤ ਛਾਣਬੀਣ ਦਾ ਟੈਸਟ ਹੈ। ਇਹ ਮਹੱਤਵਪੂਰਣ ਹੈ ਕਿ ਤੁਸੀਂ ਇਹ ਟੈਸਟ ਕਰੋ ਭਾਂਵੇਂ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਅੰਤੜੀ ਦਾ ਕੈਂਸਰ ਬਿਨਾਂ ਲੱਛਣਾਂ ਤੋਂ ਵਿਕਸਿਤ ਹੋ ਸਕਦਾ ਹੈ ਅਤੇ ਇਹ ਟੈਸਟ ਅੰਤੜੀ ਦੇ ਕੈਂਸਰ ਦੇ ਵਿਕਸਿਤ ਹੋਣ ਤੋਂ ਪਹਿਲਾਂ ਚੇਤਾਵਨੀ ਦੇ ਸੰਕੇਤਾਂ ਦਾ ਪਤਾ ਲਗਾ ਸਕਦਾ ਹੈ।<br>ਜੇ ਤੁਸੀਂ ਜਲਦੀ ਪਤਾ ਲਗਾ ਲੈਂਦੇ ਹੋ, 90% ਮੌਕਿਆਂ ਤੇ ਅੰਤੜੀ ਦੇ ਕੈਂਸਰ ਦਾ ਇਲਾਜ ਸਫਲਤਾ ਪੂਰਵਕ ਕੀਤਾ ਜਾ ਸਕਦਾ ਹੈ। |
| **ਤੁਹਾਨੂੰ ਕੀ ਕਰਨ ਦੀ ਲੋੜ ਹੈ?** | ਤੁਹਾਡੀ ਜਾਂਚ ਕਿੱਟ ਅਤੇ ਜਾਣਕਾਰੀ ਕਿਤਾਬਚਾ ਇਸ ਚਿੱਠੀ ਵਿੱਚ ਸ਼ਾਮਲ ਹਨ। ਇਹ ਟੈਸਟ ਜਲਦੀ ਅਤੇ ਸੌਖਾ ਹੈ ਤੇ ਤੁਹਾਡੇ ਆਪਣੇ ਘਰੇ ਕੀਤਾ ਜਾ ਸਕਦਾ ਹੈ। ਕਿਰਪਾ ਨਿਰਦੇਸ਼ਾਂ ਦਾ ਧਿਆਨ ਨਾਲ ਪਾਲਣ ਕਰੋ ਜਾਂ ਸਹਾਇਤਾ ਵਾਸਤੇ ਪ੍ਰੋਗਰਾਮ ਦੀ ਸਹਾਇਤਾ ਲਾਈਨ ਨੂੰ 1800 930 998 ਉਪਰ ਫੋਨ ਕਰੋ।<br>ਜੇਕਰ ਤੁਹਾਨੂੰ ਜਾਣਕਾਰੀ ਵਾਲੇ ਕਿਤਾਬਚੇ ਵਿੱਚ ਵਰਣਨ ਲੱਛਣਾਂ ਵਿੱਚੋਂ ਕੋਈ ਹੈ ਜਾਂ ਪਰਿਵਾਰ ਵਿੱਚ ਅੰਤੜੀ ਦੇ ਕੈਂਸਰ ਦਾ ਇਤਿਹਾਸ ਹੈ ਟੈਸਟ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ। |
| **ਇਸ ਤੋਂ ਅੱਗੇ ਕੀ ਹੁੰਦਾ ਹੈ?** | ਤੁਹਾਨੂੰ ਆਪਣੇ ਨਤੀਜੇ ਤਿੰਨ ਹਫਤਿਆਂ ਦੇ ਅੰਦਰ ਮਿਲ ਜਾਣਗੇ। ਤੁਹਾਨੂੰ ਆਪਣੇ ਨਤੀਜਿਆਂ ਦੇ ਬਾਰੇ ਵਿੱਚ ਡਾਕਟਰ ਨਾਲ ਸੰਪਰਕ ਕਰਨ ਨੂੰ ਕਿਹਾ ਜਾ ਸਕਦਾ ਹੈ। **ਸਕਾਰਾਤਮਕ ਨਤੀਜੇ ਦਾ ਅਰਥ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ** ਪਰ ਇਹ ਅਗਾਊਂ ਚੇਤਾਵਨੀ ਦਾ ਸੰਕੇਤ ਹੋ ਸਕਦਾ ਹੈ। ਤੁਹਾਡੇ ਨਤੀਜੇ ਸਿਰਫ ਤੁਹਾਨੂੰ ਪ੍ਰੋਗਰਾਮ ਅਤੇ ਤੁਹਾਡੇ ਡਾਕਟਰ ਨੂੰ ਹੀ ਉਪਲਬਧ ਹੋਣਗੇ। |
| **ਕੀ ਤੁਹਾਡੇ ਕੋਈ ਸਵਾਲ ਹਨ?** | ਆਪਣੇ ਡਾਕਟਰ ਨਾਲ ਗੱਲ ਕਰੋ, ਪ੍ਰੋਗਰਾਮ ਦੀ ਜਾਣਕਾਰੀ ਲਾਈਨ ਨੂੰ 1800 118 868 ਉਪਰ ਫੋਨ ਕਰੋ ਜਾਂ www.cancerscreening.gov.auਵੈਬਸਾਈਟ ਉਪਰ ਜਾਓ।<br>ਜੇਕਰ ਤੁਸੀਂ ਟੈਸਟ ਨਹੀਂ ਕਰਨਾ ਚਾਹੁੰਦੇ ਜਾਣਕਾਰੀ ਕਿਤਾਬਚੇ ਦੇ ਪਿੱਛੇ ਦਿੱਤੇ ਫਾਰਮ ਨੂੰ ਭਰੋ ਅਤੇ ਆਪਣੀ ਬਿਨਾਂ ਵਰਤੀ ਜਾਂਚ ਕਿੱਟ ਨੂੰ ਕੂੜੇਦਾਨ ਵਿੱਚ ਪਾ ਦਿਓ। ਆਪਣੀ ਜਾਂਚ ਕਿੱਟ ਕਦੇ ਵੀ ਦੂਸਰੇ ਵਿਅਕਤੀ ਨੂੰ ਨਾ ਦਿਓ। |

**ਇਹ ਜਾਂਚ ਕਰਨ ਨਾਲ ਤੁਹਾਡੀ ਜਾਨ ਬੱਚ ਸਕਦੀ ਹੈ।**

ਪ੍ਰੋਫੈਸਰ ਬਰੈਂਡਨ ਮਰਫੀ
ਚੀਫ ਮੈਡੀਕਲ ਅਫਸਰ
<DATE>

ਐਨ ਬੀ ਸੀ ਐਸ ਆਰ ਸੀXXXX